AQA

Please write clearly in block capitals.

Centre number [ ] [ ] [ ] [ ] [ ]    Candidate number [ ] [ ] [ ] [ ]

Surname ________________________________

Forename(s) ________________________________

Candidate signature ________________________________
I declare this is my own work.

# A-level
# PANJABI

## Paper 1 Reading and Writing

Thursday 25 May 2023    Afternoon    Time allowed: 2 hours 30 minutes

**Instructions**
- You must **not** use a dictionary.
- Use black ink or black ball-point pen.
- Fill in the boxes at the top of this page.
- Answer **all** questions in Section A and **one** question in Section B.
- You must answer the questions in the spaces provided. Do not write outside the box around each page or on blank pages.
- If you need extra space for your answer(s), use the lined pages at the end of this book. Write the question number against your answer(s).
- Do all rough work in this book. Cross through any work you do not want to be marked.

**Information**
- The marks for questions are shown in brackets.
- The maximum mark for this paper is 85.
- You should note that the quality of your written language in both Panjabi and English will be taken into account when marks are awarded.
- In the summary question you should write no more than 90 words. You should write in full sentences, using your own words as far as possible.
- This paper is divided into **two** sections:
  Section A Reading and Translation 45 marks
  Section B Writing (Research Project) 40 marks.

**Advice**
- You are advised to allocate your time as follows:
  Reading and Translation 1 hour 15 minutes approximately
  Writing (Research Project) 1 hour 15 minutes approximately.

| For Examiner's Use | |
|---|---|
| Question | Mark |
| 1 | |
| 2 | |
| 3 | |
| 4 | |
| 5 | |
| 6 | |
| 7 | |
| 8 | |
| 9 | |
| **TOTAL** | |

Do not write outside the box

## Section A

## Reading and Translation

Answer **all** questions in the spaces provided.

**0 1** **ਜਸਪਾਲ ਭੱਟੀ ਦੇ ਟੈਲੀਵਿਜ਼ਨ ਪ੍ਰੋਗਰਾਮ**

ਤੁਸੀਂ ਪ੍ਰਸਿੱਧ ਅਦਾਕਾਰ ਜਸਪਾਲ ਭੱਟੀ ਦੇ ਟੈਲੀਵਿਜ਼ਨ ਪ੍ਰੋਗਰਾਮਾਂ ਬਾਰੇ ਇਹ ਬਲੌਗ ਪੜ੍ਹੋ ।

ਟੈਲੀਵਿਜ਼ਨ ਪ੍ਰੋਗਰਾਮ ਜਨਤਾ ਦੀ ਰਾਏ ਅਤੇ ਸੱਭਿਆਚਾਰਕ ਕਦਰਾਂ ਤੇ ਬਹੁਤ ਪ੍ਰਭਾਵ ਪਾਉਂਦੇ ਹਨ । ਪੰਜਾਬ ਦੇ ਮਸ਼ਹੂਰ ਅਦਾਕਾਰ ਜਸਪਾਲ ਭੱਟੀ ਸਮਾਜ ਦੀ ਸੋਚ ਨੂੰ ਬਦਲਣਾ ਚਾਹੁੰਦੇ ਸਨ । ਇਸ ਕਰਕੇ ਜਸਪਾਲ ਭੱਟੀ ਨੇ 1980 ਅਤੇ 1990 ਦੇ ਦਹਾਕਿਆਂ ਵਿੱਚ ਕਈ ਟੈਲੀਵਿਜ਼ਨ ਪ੍ਰੋਗਰਾਮ ਬਣਾਏ । ਜਸਪਾਲ ਭੱਟੀ ਨੇ ਬੇਰੁਜ਼ਗਾਰੀ, ਮਹਿੰਗਾਈ ਅਤੇ ਕਈ ਹੋਰ ਲੋਕ ਮਸਲਿਆਂ ਨੂੰ ਟੈਲੀਵਿਜ਼ਨ ਤੇ ਵਿਅੰਗਮਈ ਢੰਗ ਨਾਲ ਪੇਸ਼ ਕੀਤਾ । ਆਪਣੇ ਟੈਲੀਵਿਜ਼ਨ ਪ੍ਰੋਗਰਾਮ ‘ਉਲਟਾ-ਪੁਲਟਾ’ ਰਾਹੀਂ ਉਨ੍ਹਾਂ ਨੇ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਵਰਗੇ ਸਮਾਜਿਕ ਮੁੱਦਿਆਂ ਦਾ ਪਰਦਾਫਾਸ਼ ਕੀਤਾ । ‘ਉਲਟਾ-ਪੁਲਟਾ’ ਦਾ ਦਰਸ਼ਕਾਂ ਦੇ ਦਿਲਾਂ ਤੇ ਇੰਨਾ ਡੂੰਘਾ ਅਸਰ ਹੋਇਆ ਕਿ ਲੋਕਾਂ ਨੇ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਨੂੰ ਖਤਮ ਕਰਨ ਲਈ ਵਿਰੋਧ ਪ੍ਰਦਰਸ਼ਨ ਕੀਤੇ ।

ਟੈਲੀਵਿਜ਼ਨ ਤੇ ਮਸ਼ਹੂਰ ਹੋਣ ਤੋਂ ਪਹਿਲਾਂ ਜਸਪਾਲ ਭੱਟੀ ਚੰਡੀਗੜ੍ਹ ਵਿੱਚ ਟ੍ਰਿਬਿਊਨ ਅਖਬਾਰ ਵਿੱਚ ਕਾਰਟੂਨਿਸਟ ਸਨ । ਇੱਕ ਕਾਰਟੂਨਿਸਟ ਹੋਣ ਦੇ ਨਾਤੇ ਉਨ੍ਹਾਂ ਨੂੰ ਆਮ ਆਦਮੀ ਨਾਲ ਜੁੜੀਆਂ ਮੁਸ਼ਕਲਾਂ ਉੱਤੇ ਵਿਅੰਗਮਈ ਚੋਟ ਕਰਨ ਦਾ ਤਜਰਬਾ ਪਹਿਲਾਂ ਹੀ ਹਾਸਲ ਸੀ । ਉਨ੍ਹਾਂ ਵਿੱਚ ਕਹਾਣੀ ਲਿਖਣ ਅਤੇ ਨਿਰਦੇਸ਼ਨ ਕਰਨ ਦਾ ਵੀ ਹੁਨਰ ਸੀ । ਆਪਣੀ ਇਸ ਕਾਬਲੀਅਤ ਸਦਕਾ ਉਨ੍ਹਾਂ ਦਾ ਇੱਕ ਹੋਰ ਲੜੀਵਾਰ ‘ਫ਼ਲੌਪ ਸ਼ੋਅ’ ਵੀ ਬਹੁਤ ਮਸ਼ਹੂਰ ਹੋਇਆ । ਇਸ ਟੈਲੀਵਿਜ਼ਨ ਪ੍ਰੋਗਰਾਮ ਨੇ ਨੌਜਵਾਨ ਪੀੜ੍ਹੀ ਨੂੰ ਬਹੁਤ ਪ੍ਰਭਾਵਿਤ ਕੀਤਾ ਅਤੇ ਉਨ੍ਹਾਂ ਨੂੰ ਇਹ ਸੋਝੀ ਆਈ ਕਿ ਦੇਸ਼ ਦੇ ਨੇਤਾਵਾਂ ਅਤੇ ਸਿਆਸਤਦਾਨਾਂ ਦਾ ਫਰਜ਼ ਜਨਤਾ ਦੀ ਸੇਵਾ ਕਰਨਾ ਹੈ ਨਾ ਕਿ ਲੋਕਾਂ ਤੇ ਰਾਜ ਕਰਨਾ ।

Do not write outside the box

**0 1 . 1** ਇਸ ਬਲੌਗ ਅਨੁਸਾਰ ਜਸਪਾਲ ਭੱਟੀ ਨੇ ਟੈਲੀਵਿਜ਼ਨ ਪ੍ਰੋਗਰਾਮ ਕਿਉਂ ਬਣਾਏ ?

**[1 mark]**

______________________________________________________________________

______________________________________________________________________

**0 1 . 2** ਜਸਪਾਲ ਭੱਟੀ ਨੇ ਸਮਾਜਿਕ ਮੁਸ਼ਕਲਾਂ ਨੂੰ ਟੈਲੀਵਿਜ਼ਨ ਤੇ ਕਿਸ ਤਰੀਕੇ ਨਾਲ ਉਜਾਗਰ ਕੀਤਾ ?

**[1 mark]**

______________________________________________________________________

______________________________________________________________________

**0 1 . 3** 'ਉਲਟਾ-ਪੁਲਟਾ' ਪ੍ਰੋਗਰਾਮ ਦਾ ਜਨਤਾ ਤੇ ਕੀ ਅਸਰ ਹੋਇਆ ?

**[1 mark]**

______________________________________________________________________

______________________________________________________________________

**0 1 . 4** ਟ੍ਰਿਬਿਊਨ ਅਖਬਾਰ ਵਿੱਚ ਕੰਮ ਕਰਨ ਨਾਲ ਜਸਪਾਲ ਭੱਟੀ ਨੂੰ 'ਉਲਟਾ-ਪੁਲਟਾ' ਪ੍ਰੋਗਰਾਮ ਬਣਾਉਣ ਵਿੱਚ ਕਿਵੇਂ ਸਹਾਇਤਾ ਮਿਲੀ ?

**[1 mark]**

______________________________________________________________________

______________________________________________________________________

**0 1 . 5** ਇਸ ਬਲੌਗ ਅਨੁਸਾਰ 'ਫ਼ਲੌਪ ਸ਼ੋਅ' ਦੀ ਕੀ ਉਪਲਬਧੀ ਸੀ ?

**[1 mark]**

______________________________________________________________________

______________________________________________________________________

**Question 1 continues on the next page**

Do not write outside the box

ਹੇਠ ਲਿਖੇ ਸ਼ਬਦਾਂ / ਪ੍ਰਗਟਾਵਾਂ ਦੇ ਸਮਾਨ ਅਰਥ ਸ਼ਬਦ / ਪ੍ਰਗਟਾਅ ਵਾਰਤਾ ਵਿੱਚੋਂ ਲੱਭ ਕੇ ਲਿਖੋ।
ਸ਼ਬਦ / ਪ੍ਰਗਟਾਅ ਬਲੌਗ ਦੀ ਤਰਤੀਬ ਅਨੁਸਾਰ ਹਨ:

0 1 . 6 ਗਹਿਰਾ

**[1 mark]**

______________________________________________

______________________________________________

0 1 . 7 ਕਾਬਲੀਅਤ

**[1 mark]**

______________________________________________

______________________________________________

0 1 . 8 ਜਾਗਰੂਕਤਾ

**[1 mark]**

______________________________________________

______________________________________________

**8**

Do not write outside the box

Turn over for the next question

DO NOT WRITE ON THIS PAGE
ANSWER IN THE SPACES PROVIDED

Turn over ▶

Do not write outside the box

**0 2** **ਪੰਜਾਬੀ ਮਰਦਾਂ ਦੇ ਪ੍ਰਵਾਸ ਦਾ ਔਰਤਾਂ ਤੇ ਪ੍ਰਭਾਵ**

ਤੁਸੀਂ ਡਾ: ਅਤਿੰਦਰ ਪਾਲ ਕੌਰ ਦੇ ਖੋਜ ਪੱਤਰ ਵਿੱਚੋਂ ਪੰਜਾਬੀ ਮਰਦਾਂ ਦੇ ਪ੍ਰਵਾਸ ਦਾ ਔਰਤਾਂ ਤੇ ਪ੍ਰਭਾਵ ਬਾਰੇ ਇਹ ਅੰਸ਼ ਪੜ੍ਹੋ ।

ਪੰਜਾਬੀ ਸਮਾਜ ਵਿੱਚ ਘਰ ਲਈ ਕਮਾਈ ਦੀ ਜ਼ਿੰਮੇਵਾਰੀ ਮਰਦ ਦੀ ਹੁੰਦੀ ਹੈ । ਕੁਝ ਮਰਦ ਵਧੇਰੀ ਕਮਾਈ ਦੀ ਖਾਹਸ਼ ਕਰਕੇ, ਪਰਿਵਾਰ ਦੀ ਮਾਲੀ ਹਾਲਤ ਅਤੇ ਜੀਵਨ ਪੱਧਰ ਨੂੰ ਸੁਧਾਰਨ ਲਈ ਪੰਜਾਬ ਤੋਂ ਪ੍ਰਵਾਸ ਕਰ ਜਾਂਦੇ ਹਨ ਪਰ ਉਨ੍ਹਾਂ ਦੀਆਂ ਪਤਨੀਆਂ ਪੰਜਾਬ ਵਿੱਚ ਹੀ ਰਹਿੰਦੀਆਂ ਹਨ ।

ਛੋਟੇ ਪਰਿਵਾਰਾਂ ਤੋਂ ਪ੍ਰਵਾਸ ਕਰ ਗਏ ਕਈ ਮਰਦਾਂ ਨੂੰ ਪਰਿਵਾਰ ਦੇ ਫੈਸਲੇ ਲੈਣ ਲਈ ਆਪਣੀਆਂ ਪਤਨੀਆਂ ਦੀ ਸਮਰੱਥਾ ਤੇ ਪੂਰਾ ਭਰੋਸਾ ਹੁੰਦਾ ਹੈ । ਇਹੋ ਜਿਹੇ ਪਰਿਵਾਰਾਂ ਵਿੱਚ ਔਰਤਾਂ ਵਧੇਰੇ ਜ਼ਿੰਮੇਵਾਰੀ ਲੈਂਦੀਆਂ ਹਨ । ਉਹ ਘਰ ਦਾ ਖਰਚ ਵੀ ਸੰਭਾਲਦੀਆਂ ਹਨ ਅਤੇ ਜ਼ਰੂਰੀ ਫੈਸਲੇ ਵੀ ਲੈਂਦੀਆਂ ਹਨ, ਜਿਸ ਕਰਕੇ ਉਹ ਆਪਣੇ ਆਪ ਨੂੰ ਤਾਕਤਵਰ ਅਤੇ ਆਜ਼ਾਦ ਮਹਿਸੂਸ ਕਰਦੀਆਂ ਹਨ ।

ਸਾਂਝੇ ਪਰਿਵਾਰਾਂ ਵਿੱਚੋਂ ਬਾਹਰ ਗਏ ਮਰਦਾਂ ਦੀਆਂ ਪਤਨੀਆਂ ਆਪਣੇ ਸਹੁਰੇ ਪਰਿਵਾਰ ਦੇ ਮੈਂਬਰਾਂ ਨਾਲ ਰਹਿੰਦੀਆਂ ਹਨ । ਅਜਿਹੀਆਂ ਔਰਤਾਂ ਦੀ ਭੂਮਿਕਾ ਘਰ ਦੀ ਸੰਭਾਲ ਤੱਕ ਹੀ ਸੀਮਿਤ ਹੁੰਦੀ ਹੈ, ਜਿਸ ਵਿੱਚ ਸਹੁਰੇ ਪਰਿਵਾਰ ਦੀ ਦੇਖਭਾਲ, ਰੋਟੀ ਬਣਾਉਣੀ ਅਤੇ ਸਫਾਈ ਵੀ ਸ਼ਾਮਲ ਹੈ । ਸਾਂਝੇ ਪਰਿਵਾਰ ਦੇ ਖਰਚ ਦੀ ਜ਼ਿੰਮੇਵਾਰੀ ਭਾਵੇਂ ਬਾਹਰ ਗਏ ਮਰਦ ਦੀ ਹੀ ਕਿਉਂ ਨਾ ਹੋਵੇ, ਫਿਰ ਵੀ ਪਰਿਵਾਰ ਦੇ ਫੈਸਲੇ ਲੈਣ ਲੱਗਿਆਂ ਉਸ ਦੀ ਪਤਨੀ ਦੀ ਕੋਈ ਸਲਾਹ ਨਹੀਂ ਲਈ ਜਾਂਦੀ ਅਤੇ ਨਾ ਹੀ ਉਸ ਨੂੰ ਕੋਈ ਆਜ਼ਾਦੀ ਹੁੰਦੀ ਹੈ ।

**ਪੰਜਾਬੀ ਮਰਦਾਂ ਦੇ ਪ੍ਰਵਾਸ ਦਾ ਔਰਤਾਂ ਤੇ ਪ੍ਰਭਾਵ**

ਇਸ ਵਾਰਤਾ ਦਾ ਸਾਰ **ਪੰਜਾਬੀ ਵਿੱਚ** ਲਿਖੋ । ਤੁਹਾਡਾ ਸਾਰ **90** ਸ਼ਬਦਾਂ ਤੋਂ ਵੱਧ ਨਾ ਹੋਵੇ ਅਤੇ ਇਹ **ਪੂਰੇ ਵਾਕਾਂ ਵਿੱਚ ਹੋਣਾ ਚਾਹੀਦਾ ਹੈ** । ਜਿੱਥੇ ਤੱਕ ਹੋ ਸਕੇ,ਆਪਣੇ ਸ਼ਬਦਾਂ ਵਿੱਚ ਲਿਖੋ । ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦਿਉ:

- ਪੰਜਾਬੀ ਮਰਦਾਂ ਦੇ ਪ੍ਰਵਾਸ ਕਰਨ ਦੇ ਮੁੱਖ ਕਾਰਨ (**ਦੋ** ਗੱਲਾਂ ਲਿਖੋ) **[2 marks]**
- ਛੋਟੇ ਪਰਿਵਾਰਾਂ ਵਿੱਚ ਮਰਦਾਂ ਦੇ ਪ੍ਰਵਾਸ ਦਾ ਔਰਤਾਂ ਤੇ ਪ੍ਰਭਾਵ (**ਦੋ** ਗੱਲਾਂ ਲਿਖੋ) **[2 marks]**
- ਸਾਂਝੇ ਪਰਿਵਾਰਾਂ ਵਿੱਚ ਮਰਦਾਂ ਦੇ ਪ੍ਰਵਾਸ ਦਾ ਔਰਤਾਂ ਤੇ ਪ੍ਰਭਾਵ (**ਤਿੰਨ** ਗੱਲਾਂ ਲਿਖੋ) **[3 marks]**

ਨੋਟ: **5** ਅੰਕ ਚੰਗੀ ਭਾਸ਼ਾ ਲਈ ਹਨ । ਇਸ ਲਈ **ਜਿੱਥੇ ਤੱਕ ਸੰਭਵ ਹੋ ਸਕੇ, ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ** ।

**[5 marks]**

*Do not write outside the box*

**Turn over ▶**

*Do not write outside the box*

12

Do not write outside the box

Turn over for the next question

DO NOT WRITE ON THIS PAGE
ANSWER IN THE SPACES PROVIDED

Turn over ▶

Do not write outside the box

**0 3** **ਵਿਦਿਆਰਥੀਆਂ ਲਈ ਸਿੱਖਿਆ ਅਤੇ ਕੈਰੀਅਰ ਦੀ ਚੋਣ**

ਇੱਕ ਪੰਜਾਬੀ ਅਖਬਾਰ ਵਿੱਚ ਵਿਦਿਆਰਥੀਆਂ ਲਈ ਸਿੱਖਿਆ ਅਤੇ ਕੈਰੀਅਰ ਦੀ ਚੋਣ ਬਾਰੇ ਇਹ ਆਰਟੀਕਲ ਪੜ੍ਹੋ। ਆਰਟੀਕਲ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

ਭਾਰਤ ਸਰਕਾਰ ਨੇ 2020 ਵਿੱਚ 35 ਸਾਲਾਂ ਤੋਂ ਚਲੀ ਆ ਰਹੀ ਸਿੱਖਿਆ ਨੀਤੀ ਨੂੰ ਤਿਆਗ ਕੇ ਨਵੀਂ ਸਿੱਖਿਆ ਨੀਤੀ ਅਪਣਾਉਣ ਦੀ ਘੋਸ਼ਣਾ ਕਰ ਦਿੱਤੀ। ਸਰਕਾਰ ਦੇ ਅਨੁਸਾਰ ਇਸ ਸਿੱਖਿਆ ਨੀਤੀ ਦੇ ਦੋ ਵਿਸ਼ੇਸ਼ ਮੰਤਵ ਹਨ: ਅਜਿਹਾ ਸਿਸਟਮ ਵਿਕਸਤ ਕਰਨਾ ਜੋ ਇੱਕੀਵੀਂ ਸਦੀ ਦੇ ਟੀਚਿਆਂ ਦੇ ਅਨੁਕੂਲ ਹੋਵੇ ਅਤੇ ਵਿਦਿਆਰਥੀਆਂ ਨੂੰ ਦੇਸ਼ ਦੀਆਂ ਪਰੰਪਰਾਵਾਂ ਨਾਲ ਜੋੜੀ ਰੱਖੇ। ਇਹ ਨਵੀਂ ਸਿੱਖਿਆ ਨੀਤੀ ਦੁਨੀਆ ਦੀਆਂ ਇੱਕ ਸੌ ਸਰਬੋਤਮ ਵਿਦੇਸ਼ੀ ਯੂਨੀਵਰਸਿਟੀਆਂ ਲਈ ਸਾਰੇ ਰਾਜਾਂ ਵਿੱਚ ਕੈਂਪਸ ਖੋਲ੍ਹਣ ਲਈ ਕਾਨੂੰਨੀ ਰਾਹ ਵੀ ਪੱਧਰਾ ਕਰ ਦੇਵੇਗੀ। ਸਾਰੇ ਦੇਸ਼ ਦੀ ਉੱਚ-ਵਿੱਦਿਆ ਨੂੰ ਇੱਕ ਸੂਤਰ ਵਿੱਚ ਪਰੋਣ ਲਈ 'ਭਾਰਤ ਦੇ ਉੱਚ ਸਿੱਖਿਆ ਕਮਿਸ਼ਨ' ਦਾ ਵੀ ਗਠਨ ਕੀਤਾ ਜਾਏਗਾ। ਸਰਕਾਰੀ ਅਤੇ ਗੈਰ-ਸਰਕਾਰੀ ਉੱਚ-ਵਿੱਦਿਅਕ ਸੰਸਥਾਵਾਂ ਵਿੱਚ ਇੱਕੋ ਜਿਹੇ ਨਿਯਮ ਲਾਗੂ ਹੋਣਗੇ ਅਤੇ ਸਾਰੀਆਂ ਯੂਨੀਵਰਸਿਟੀਆਂ ਲਈ ਦਾਖਲੇ ਲਈ ਇੱਕੋ ਜਿਹੀ ਹੀ ਪ੍ਰੀਖਿਆ ਹੋਵੇਗੀ।

ਪਰੰਤੂ, ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਸ ਨੀਤੀ ਲਈ ਪੈਸੇ ਕਿੱਥੋਂ ਆਉਣਗੇ ਅਤੇ ਕੀ ਇਸ ਦੇਸ਼ ਦਾ ਗਰੀਬ ਤਬਕਾ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਸਿੱਖਿਆ ਪ੍ਰਾਪਤ ਕਰ ਸਕੇਗਾ। ਕਿਤੇ ਸਰਕਾਰ ਇਸ ਨੀਤੀ ਰਾਹੀਂ ਕਾਰਪੋਰੇਟ ਸੈਕਟਰ ਨੂੰ ਦੇਸ਼ ਵਿੱਚ ਪੈਰ ਪਸਾਰਨ ਅਤੇ ਸਿੱਖਿਆ ਦੇ ਪ੍ਰਬੰਧ ਨੂੰ ਆਪਣੇ ਹੱਥ ਵਿੱਚ ਲੈਣ ਲਈ ਇਹ ਉਪਰਾਲਾ ਤਾਂ ਨਹੀਂ ਕਰ ਰਹੀ? ਭਾਰਤ ਵਿੱਚ ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਅਨੁਪਾਤ ਪਹਿਲਾਂ ਹੀ ਬਹੁਤ ਜ਼ਿਆਦਾ ਹੈ। ਜਿੱਥੇ ਦਸਵੀਂ ਜਮਾਤ ਦੇ ਬਹੁਤ ਵਿਦਿਆਰਥੀ ਪੰਜਵੀਂ ਜਮਾਤ ਦੇ ਪ੍ਰਸ਼ਨਾਂ ਦੇ ਉੱਤਰ ਵੀ ਨਹੀਂ ਦੇ ਸਕਦੇ। ਕੀ ਇਹੋ ਜਿਹੀ ਦਬਾਅ ਵਿੱਚ ਆਈ ਸਿੱਖਿਆ ਪ੍ਰਣਾਲੀ ਵਿੱਚ ਨਵੀਂ ਨੀਤੀ ਨੂੰ ਲਾਗੂ ਕਰਨਾ ਸੰਭਵ ਹੈ?

ਅਜੋਕੀ ਸਿੱਖਿਆ ਨੀਤੀ ਅਨੁਸਾਰ, ਡਿਗਰੀ ਕੋਰਸ ਤਿੰਨ ਦੀ ਬਜਾਏ ਚਾਰ ਸਾਲ ਦੇ ਹੋਣਗੇ ਅਤੇ ਵਿਦੇਸ਼ੀ ਯੂਨੀਵਰਸਿਟੀਆਂ ਦੇ ਖੁੱਲ੍ਹਣ ਨਾਲ, ਵਿਦਿਆਰਥੀਆਂ ਲਈ ਵਿਸ਼ਿਆਂ ਦੀ ਚੋਣ ਕਰਨ ਦਾ ਖੇਤਰ ਹੋਰ ਵੀ ਵਿਸ਼ਾਲ ਹੋ ਜਾਵੇਗਾ। ਜੇਕਰ ਕੋਈ ਵਿਦਿਆਰਥੀ ਦੋ ਸਾਲ ਡਿਗਰੀ ਕੋਰਸ ਵਿੱਚ ਲਾ ਕੇ ਡਿਗਰੀ ਅਧੂਰੀ ਛੱਡ ਦਿੰਦਾ ਹੈ ਤਾਂ ਉਸ ਦਾ ਡਿਗਰੀ ਦੀ ਪੜ੍ਹਾਈ ਤੇ ਲਗਾਇਆ ਸਮਾਂ ਵਿਅਰਥ ਨਹੀਂ ਹੋਵੇਗਾ ਬਲਕਿ ਉਸ ਨੂੰ ਯੂਨੀਵਰਸਿਟੀ ਵੱਲੋਂ ਡਿਪਲੋਮਾ ਪ੍ਰਦਾਨ ਕੀਤਾ ਜਾਵੇਗਾ।

**0 3 . 1** ਇਸ ਆਰਟੀਕਲ ਅਨੁਸਾਰ, ਇਸ ਗੱਲ ਦੇ ਕਿਹੜੇ ਸਬੂਤ ਹਨ ਕਿ ਨਵੀਂ ਵਿੱਦਿਆ ਨੀਤੀ ਤਹਿਤ ਸਿੱਖਿਆ ਦਾ ਜ਼ਿਆਦਾ 'ਕੇਂਦਰੀਕਰਨ' ਹੋ ਜਾਵੇਗਾ? **ਦੋ** ਗੱਲਾਂ ਲਿਖੋ।

**[2 marks]**

Do not write outside the box

0 3 . 2 ਵਰਤਮਾਨ ਵਿੱਦਿਆ ਪ੍ਰਣਾਲੀ ਦੇ ਦਬਾਅ ਵਿੱਚ ਹੋਣ ਬਾਰੇ ਕੀ ਕਿਹਾ ਗਿਆ ਹੈ ? **ਦੋ** ਗੱਲਾਂ ਲਿਖੋ ।

**[2 marks]**

0 3 . 3 ਨਵੀਂ ਵਿੱਦਿਆ ਪ੍ਰਣਾਲੀ ਵਿੱਚ ਵਿਦਿਆਰਥੀਆਂ ਵਾਸਤੇ ਕਿਹੜੀਆਂ ਤਬਦੀਲੀਆਂ ਹੋਣਗੀਆਂ ? **ਤਿੰਨ** ਗੱਲਾਂ ਲਿਖੋ ।

**[3 marks]**

7

**Turn over for the next question**

Do not write outside the box

**0 4** **ਵਾਤਾਵਰਣ ਦੀ ਸੰਭਾਲ ਲਈ 'ਈਕੋ ਸਿੱਖ' ਚੈਰਿਟੀ ਦੀ ਰੈਲੀ**

ਤੁਸੀਂ ਵਾਤਾਵਰਣ ਦੀ ਸੰਭਾਲ ਲਈ 'ਈਕੋ ਸਿੱਖ' ਚੈਰਿਟੀ ਦੀ ਰੈਲੀ ਬਾਰੇ ਇਹ ਖ਼ਬਰ ਪੜ੍ਹਦੇ ਹੋ। ਵਾਰਤਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

'ਈਕੋ ਸਿੱਖ' ਨੇ ਵਧ ਰਹੇ ਪ੍ਰਦੂਸ਼ਣ ਦੇ ਸੰਕਟ ਲਈ ਜਾਗਰੂਕਤਾ ਪੈਦਾ ਕਰਨ ਲਈ ਲੁਧਿਆਣਾ ਵਿਖੇ ਵਾਤਾਵਰਣ ਨੂੰ ਸੰਭਾਲਣ ਲਈ ਰੈਲੀ ਕਰਵਾਈ ਜਿਸ ਵਿੱਚ ਵੱਖ-ਵੱਖ ਚੈਰਿਟੀ ਸੰਸਥਾਵਾਂ ਤੋਂ ਕਈ ਸਮਾਜਿਕ ਕਾਰਜਕਰਤਾ, ਸੈਂਕੜੇ ਨੌਜਵਾਨ ਅਤੇ ਸਕੂਲੀ ਵਿਦਿਆਰਥੀ ਸ਼ਾਮਲ ਹੋਏ। ਇਸ ਰੈਲੀ ਵਿੱਚ ਆਏ ਲੋਕਾਂ ਨੇ ਸ਼ਾਂਤਮਈ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਹੱਥਾਂ ਵਿੱਚ 'ਸਾਫ ਹਵਾ ਲਈ ਪੌਦੇ ਲਗਾਓ' ਅਤੇ 'ਧੂੰਏ ਤੇ ਸੈਂਸਰ ਲਾਓ' ਵਰਗੇ ਬੈਨਰ ਫੜ ਕੇ ਪ੍ਰਚਾਰ ਕੀਤਾ ਅਤੇ ਨਾਅਰੇ ਲਗਾਏ।

ਇਸ ਰੈਲੀ ਦਾ ਆਯੋਜਨ 'ਈਕੋ ਸਿੱਖ' ਨੇ ਸਵੀਡਨ ਦੀ 18 ਸਾਲਾਂ ਕੁੜੀ ਗ੍ਰੇਟਾ ਥਨਬਰਗ ਦੀ ਮਦਦ ਲਈ ਕਰਵਾਇਆ ਸੀ। ਗ੍ਰੇਟਾ ਨੇ ਕੁਝ ਸਾਲ ਪਹਿਲਾਂ ਸਕੂਲੀ ਬੱਚਿਆਂ ਨਾਲ ਮਿਲ ਕੇ ਮੌਸਮ ਦੀ ਸੰਭਾਲ ਲਈ ਵਿਸ਼ਵ-ਵਿਆਪੀ ਅੰਦੋਲਨ ਦੀ ਸ਼ੁਰੂਆਤ ਕੀਤੀ ਸੀ। ਹੁਣ ਤੱਕ ਗ੍ਰੇਟਾ ਤੋਂ ਪ੍ਰੇਰਿਤ ਹੋ ਕੇ 185 ਦੇਸ਼ਾਂ ਦੇ 40 ਲੱਖ ਵਿਦਿਆਰਥੀ ਸੜਕਾਂ ਤੇ ਉੱਤਰੇ ਹਨ ਅਤੇ ਕੋਲਾ ਆਧਾਰਿਤ ਕਾਰੋਬਾਰਾਂ ਨੂੰ ਬੰਦ ਕਰਨ ਦੀ ਮੰਗ ਕੀਤੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਵਿਦਿਆਰਥਣ ਸੁਪ੍ਰੀਤ ਕੌਰ ਨੇ ਕਿਹਾ, "ਰਿਪੋਰਟਾਂ ਅਨੁਸਾਰ ਪੰਜਾਬ ਦੀਆਂ ਕਈ ਰੇਲ-ਗੱਡੀਆਂ ਅਤੇ ਕਾਰਖਾਨੇ ਕੋਲੇ ਦੀ ਵਧੇਰੇ ਵਰਤੋਂ ਕਰਦੇ ਹਨ ਜਿਸ ਕਰਕੇ ਪੰਜਾਬ ਵਿੱਚ ਹਰ ਸਾਲ 1.36 ਕਰੋੜ ਟਨ ਕੋਲਾ ਬਲਦਾ ਹੈ। ਇਸ ਨਾਲ ਸਾਹ ਦੀਆਂ ਬਿਮਾਰੀਆਂ ਵਧ ਰਹੀਆਂ ਹਨ ਅਤੇ ਸਾਲਾਨਾ 87,400 ਮਰੀਜ਼ ਹਸਪਤਾਲਾਂ ਵਿੱਚ ਦਾਖਲ ਹੁੰਦੇ ਹਨ।"

ਔਰੋਬਿੰਦੋ ਕਾਲਜ ਦੇ 20 ਸਾਲ ਦੇ ਨੌਜਵਾਨ ਰਤਨਦੀਪ ਨੇ ਦੱਸਿਆ, "ਇਹ ਚਿੰਤਾ ਦੀ ਗੱਲ ਹੈ ਕਿ ਸਰਕਾਰ ਹਰ ਨਾਗਰਿਕ ਨੂੰ 15 ਮੁਫਤ ਬੂਟੇ ਦੇਣ ਦਾ ਪ੍ਰਸਤਾਵ ਤਾਂ ਕਰ ਰਹੀ ਹੈ, ਪਰ ਰੁੱਖਾਂ ਦੇ ਬਚਾਅ ਲਈ ਕੋਈ ਫੰਡ ਨਹੀਂ ਹੈ। ਹਵਾ ਦੇ ਪ੍ਰਦੂਸ਼ਣ ਕਾਰਨ ਪਿਛਲੇ ਪੰਜ ਸਾਲਾਂ ਵਿੱਚ 34,300 ਭਿਆਨਕ ਬਿਮਾਰੀਆਂ ਹੋਈਆਂ ਹਨ, ਪਰ ਸਰਕਾਰ ਦਾ ਧਿਆਨ ਇਨ੍ਹਾਂ ਬਿਮਾਰੀਆਂ ਦੇ ਕਾਰਨਾਂ ਨੂੰ ਰੋਕਣ ਤੇ ਨਹੀਂ ਬਲਕਿ ਹਸਪਤਾਲਾਂ ਦੇ ਨਿਰਮਾਣ ਤੇ ਹੈ।"

**0 4 . 1** ਇਸ ਵਾਰਤਾ ਅਨੁਸਾਰ 'ਈਕੋ ਸਿੱਖ' ਵੱਲੋਂ ਵਾਤਾਵਰਣ ਦੀ ਸੰਭਾਲ ਲਈ ਰੈਲੀ ਕਰਾਉਣ ਦਾ ਮੁੱਖ ਉਦੇਸ਼ ਕੀ ਸੀ?

**[1 mark]**

_______________________________________________

_______________________________________________

Do not write outside the box

**0 4 . 2** 'ਈਕੋ ਸਿੱਖ' ਵੱਲੋਂ ਕਰਵਾਈ ਗਈ ਰੈਲੀ ਵਿੱਚ ਕਿਸ ਤਰ੍ਹਾਂ ਦੇ ਲੋਕਾਂ ਨੇ ਹਿੱਸਾ ਲਿਆ ?

**[1 mark]**

______________________________________________________________________

______________________________________________________________________

**0 4 . 3** ਇਸ ਵਾਰਤਾ ਅਨੁਸਾਰ ਰੈਲੀ ਵਿੱਚ ਇਕੱਠੇ ਹੋਏ ਲੋਕਾਂ ਨੇ ਕਿਸ ਤਰ੍ਹਾਂ ਪ੍ਰਦਰਸ਼ਨ ਕੀਤਾ ? **ਦੋ** ਗੱਲਾਂ ਲਿਖੋ ।

**[2 marks]**

______________________________________________________________________

______________________________________________________________________

______________________________________________________________________

______________________________________________________________________

**0 4 . 4** ਗ੍ਰੇਟਾ ਥਨਬਰਗ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਦਾ ਦੁਨੀਆ ਭਰ ਦੇ ਵਿਦਿਆਰਥੀਆਂ ਤੇ ਕੀ ਪ੍ਰਭਾਵ ਪਿਆ ?

**[1 mark]**

______________________________________________________________________

______________________________________________________________________

**0 4 . 5** ਪੰਜਾਬ ਵਿੱਚ ਕੋਲਾ ਬਾਲਣ ਨਾਲ ਲੋਕਾਂ ਦੀ ਸਿਹਤ ਤੇ ਕੀ ਅਸਰ ਪੈਂਦਾ ਹੈ ?

**[1 mark]**

______________________________________________________________________

______________________________________________________________________

**0 4 . 6** ਰਤਨਦੀਪ ਨੂੰ ਇਹ ਕਿਉਂ ਲਗਦਾ ਹੈ ਕਿ ਸਰਕਾਰ ਵਾਤਾਵਰਣ ਵਿੱਚ ਆਈ ਤਬਦੀਲੀ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ? **ਦੋ** ਗੱਲਾਂ ਲਿਖੋ ।

**[2 marks]**

______________________________________________________________________

______________________________________________________________________

______________________________________________________________________

______________________________________________________________________

**8**

**Turn over ▶**

*Do not write outside the box*

**0 5** **ਪੰਜਾਬ ਵਿੱਚ ਤਿਉਹਾਰਾਂ ਦਾ ਬਦਲਦਾ ਰੂਪ**

ਪੰਜਾਬ ਵਿੱਚ ਤਿਉਹਾਰ ਮਨਾਉਣ ਦੇ ਬਦਲਦੇ ਰੂਪ ਬਾਰੇ ਤੁਸੀਂ ਹੇਠ ਲਿਖੀ ਵਾਰਤਾ ਦਾ ਅੰਸ਼ ਪੜ੍ਹੋ ।

Translate the passage into English.

ਪਹਿਲਾਂ ਤਿਉਹਾਰ ਮਨਾਉਣਾ ਆਪਣੇ ਮਹਾਨ ਸਭਿਆਚਾਰ ਦੇ ਪ੍ਰਗਟਾਵੇ ਲਈ ਜ਼ਰੂਰੀ ਮੰਨਿਆ ਜਾਂਦਾ ਸੀ । ਪਰ ਹੁਣ ਪੈਸੇ ਅਤੇ ਆਧੁਨਿਕਤਾ ਦੀ ਅੰਨ੍ਹੀ ਦੌੜ ਵਿੱਚ ਕਈ ਪੰਜਾਬੀਆਂ ਨੇ ਤਿਉਹਾਰਾਂ ਦੇ ਅਸਲ ਮਹੱਤਵ ਨੂੰ ਭੁਲਾ ਦਿੱਤਾ ਹੈ । ਕਰਵਾ ਚੌਥ ਹੋਵੇ, ਲੋਹੜੀ ਜਾਂ ਦੀਵਾਲੀ, ਅਫ਼ਸੋਸ ਦੀ ਗੱਲ ਹੈ ਕਿ ਕਈ ਦਿਨ-ਦਿਹਾਰ ਵਿਖਾਵਾ ਕਰਨ ਦੇ ਮੌਕੇ ਤੋਂ ਵਧ ਹੋਰ ਕੁਝ ਵੀ ਨਹੀਂ ਰਹੇ । ਮਹਿੰਗਾਈ ਇੰਨੀ ਵਧ ਗਈ ਹੈ ਕਿ ਸਧਾਰਨ ਆਦਮੀ ਲਈ ਜਸ਼ਨ ਮਨਾਉਣੇ ਮੁਸ਼ਕਲ ਹੋ ਗਏ ਹਨ । ਫਿਲਮੀ ਸਿਤਾਰੇ ਅਤੇ ਮਸ਼ਹੂਰ ਕਲਾਕਾਰ ਐਸੇ ਸਮੇਂ ਤੇ ਅਮੀਰੀ ਦੇ ਝੂਠੇ ਦਿਖਾਵੇ ਕਰਦੇ ਹਨ ਪਰ ਉਨ੍ਹਾਂ ਵਰਗੀ ਨੁਮਾਇਸ਼ ਕਰਨੀ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੈ ।

**[10 marks]**

Do not write outside the box

10

**END OF SECTION A**

**Turn over for the next section**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

*Do not write outside the box*

## Section B

## Writing (Research Project)

Answer the question on the research topic you have studied.

You must answer on **one** research topic only.

**Either**

**0 6** **The role of women in Panjabi society**

**or**

**0 7** **Social issues in the Punjab**

**or**

**0 8** **Tourism in the Punjab**

**or**

**0 9** **Partition of the Punjab in 1947**

For each research topic there is a reading passage and an essay title.

Using the information from the reading passage and, linking this information to your own research, write an essay in **Panjabi** of approximately **300 words**.

The marks are allocated as follows:

10 marks for comprehension of the reading passage
10 marks for quality of language
20 marks for cultural knowledge.

Total: 40 marks

**Turn over for Question 6**

Do not write outside the box

**0 6** **The role of women in Panjabi society**

**ਕੰਮ-ਕਾਰ ਵਾਲੀਆਂ ਇਸਤਰੀਆਂ ਦੇ ਪੰਜਾਬੀ ਸਮਾਜ ਤੇ ਪ੍ਰਭਾਵ**

ਅੰਗਰੇਜ਼ੀ ਸਾਮਰਾਜ ਦੇ ਦੌਰਾਨ ਪੱਛਮੀ ਸਭਿਅਤਾ ਦੇ ਪ੍ਰਭਾਵ ਅਧੀਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਆਵਾਜ਼ "ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।" ਜ਼ੋਰ ਫੜ ਗਈ, ਇਸਤਰੀਆਂ ਦੀ ਕਦਰ ਪੈਣ ਲੱਗ ਪਈ। ਪਹਿਲੀ ਵਾਰ ਇਸਤਰੀਆਂ ਨੇ ਘਰ ਦੀ ਚਾਰ ਦੀਵਾਰੀ ਵਿੱਚੋਂ ਬਾਹਰ ਨਿਕਲ ਕੇ ਵਿੱਦਿਆ ਪ੍ਰਾਪਤ ਕਰਨੀ ਸ਼ੁਰੂ ਕੀਤੀ; ਪੜ੍ਹੀਆਂ ਲਿਖੀਆਂ ਇਸਤਰੀਆਂ ਨੂੰ ਸਮਾਜ ਬਦਲਣ ਵਿੱਚ ਕਲਮ ਦੀ ਤਾਕਤ ਦਾ ਅਹਿਸਾਸ ਹੋਇਆ। ਅੰਮ੍ਰਿਤਾ ਪ੍ਰੀਤਮ, ਪ੍ਰਭਜੀਤ ਕੌਰ, ਡਾ: ਦਲੀਪ ਕੌਰ ਟਿਵਾਣਾ ਅਤੇ ਅਜੀਤ ਕੌਰ ਵਰਗੀਆਂ ਸਾਹਿਤਕਾਰ ਇਸਤਰੀਆਂ ਨੇ ਔਰਤਾਂ ਨੂੰ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਨੂੰ ਜਨਤਾ ਤੱਕ ਪਹੁੰਚਾਇਆ ਅਤੇ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਜਾਗਰੂਕ ਕੀਤਾ।

ਹੁਣ ਪੰਜਾਬੀ ਇਸਤਰੀਆਂ ਵਿੱਚ ਉੱਚ-ਸਿੱਖਿਆ ਪ੍ਰਾਪਤ ਕਰਨ ਕਰਕੇ ਇੱਕ ਨਵੀਂ ਜਾਗ੍ਰਿਤੀ ਆ ਗਈ ਹੈ; ਉਹ ਛੋਟੀ ਉਮਰ ਵਿੱਚ ਵਿਆਹ ਨਹੀਂ ਕਰਾਉਂਦੀਆਂ ਅਤੇ ਪਹਿਲਾਂ ਪੜ੍ਹ ਲਿਖ ਕੇ ਆਪਣੇ ਪੇਸ਼ੇ ਨੂੰ ਪਹਿਲ ਦਿੰਦੀਆਂ ਹਨ। ਪੰਜਾਬੀ ਇਸਤਰੀਆਂ ਪਰਿਵਾਰ ਨਿਯੋਜਨ ਦੇ ਸਾਰੇ ਫੈਸਲੇ, ਜਿਵੇਂ ਕਿ ਛੋਟਾ ਪਰਿਵਾਰ ਰੱਖਣ, ਬੱਚਾ ਪੈਦਾ ਕਰਨ ਅਤੇ ਦੋ ਬੱਚਿਆਂ ਵਿਚਕਾਰ ਸਮੇਂ ਦੀ ਵਿੱਥ ਆਦਿਕ ਖੁਦ ਹੀ ਤੈਅ ਕਰਦੀਆਂ ਹਨ।

ਅੱਜ ਦੀਆਂ ਕੁਝ ਪੰਜਾਬੀ ਕੁੜੀਆਂ ਪੜ੍ਹਾਈ ਵਿੱਚ ਮੁੰਡਿਆਂ ਨਾਲੋਂ ਵੀ ਅੱਗੇ ਲੰਘ ਗਈਆਂ ਹਨ ਅਤੇ ਉਨ੍ਹਾਂ ਨਾਲੋਂ ਵੀ ਉੱਚੇ ਅਹੁਦਿਆਂ, ਜਿਵੇਂ ਕਿ ਡਾਕਟਰ, ਅਧਿਆਪਕ ਅਤੇ ਜਹਾਜ਼ ਚਾਲਕ ਵਰਗੇ ਕੰਮ ਕਰਦੀਆਂ ਹਨ ਇਸ ਕਰਕੇ ਘਰ ਪਰਿਵਾਰ ਵਿੱਚ ਵੀ ਉਨ੍ਹਾਂ ਦੀ ਸਰਦਾਰੀ ਕਾਇਮ ਹੋਣੀ ਸ਼ੁਰੂ ਹੋ ਗਈ ਹੈ। ਪਿੱਛੇ ਜਿਹੇ ਆਏ ਲੇਬਰ ਫੋਰਸ ਦੇ ਸਾਲਾਨਾ ਸਰਵੇਖਣ ਮੁਤਾਬਕ ਪੰਜਾਬ ਵਿੱਚ 32.1% ਇਸਤਰੀਆਂ ਪ੍ਰਬੰਧਕੀ ਅਹੁਦਿਆਂ ਤੇ ਕੰਮ ਕਰਦੀਆਂ ਹਨ ਜਿਸ ਕਰਕੇ ਪੰਜਾਬ ਉਨ੍ਹਾਂ ਰਾਜਾਂ ਵਿੱਚੋਂ ਇੱਕ ਗਿਣਿਆ ਜਾਂਦਾ ਹੈ ਜਿੱਥੇ ਪ੍ਰਬੰਧਕੀ ਅਹੁਦਿਆਂ ਤੇ ਇਸਤਰੀਆਂ ਦੀ ਵੱਡੀ ਪ੍ਰਤਿਨਿਧਤਾ ਹੈ।

2011 ਦੀ ਜਨ-ਗਣਨਾ ਦੇ ਅਨੁਸਾਰ, ਪੰਜਾਬ ਵਿੱਚ ਇਸਤਰੀਆਂ ਦੀ ਕੰਮ ਵਿੱਚ ਭਾਗੀਦਾਰੀ ਦੀ ਦਰ ਕੇਵਲ 13.9% ਹੈ ਜਿਹੜੀ ਕਿ ਸਾਰੇ ਇੰਡੀਆ ਦੀਆਂ ਇਸਤਰੀਆਂ ਦੀ ਭਾਗੀਦਾਰੀ ਦੀ ਦਰ 25.5% ਦੇ ਮੁਕਾਬਲੇ ਹਾਲੇ ਵੀ ਕਾਫੀ ਘੱਟ ਹੈ। ਉੱਚ-ਵਿੱਦਿਆ ਗਰੀਬ ਪੰਜਾਬੀ ਇਸਤਰੀਆਂ ਦੇ ਵੱਸ ਦਾ ਰੋਗ ਨਹੀਂ ਹੈ; ਉਹ ਹਾਲੇ ਵੀ ਮਰਦ ਦੀ ਕਮਾਈ ਦੀਆਂ ਮੁਥਾਜ ਹਨ; ਆਦਮੀ ਵਾਂਗ ਆਪਣੇ ਪੈਰਾਂ ਤੇ ਨਹੀਂ ਖੜ੍ਹ ਸਕਦੀਆਂ; ਜਿਸ ਲਈ ਸਰਕਾਰ ਨੂੰ ਗਰੀਬ ਇਸਤਰੀਆਂ ਨੂੰ ਵੱਧ ਅਧਿਕਾਰ ਦੇਣ ਲਈ ਲੋੜੀਂਦੇ ਕਦਮ ਉਠਾਉਣੇ ਪੈਣਗੇ।

Do not write outside the box

**0 6** ਪੰਜਾਬੀ ਵੈੱਬਸਾਈਟ ਤੋਂ ਕੰਮ-ਕਾਰ ਵਾਲੀਆਂ ਇਸਤਰੀਆਂ ਦੇ ਪੰਜਾਬੀ ਸਮਾਜ ਤੇ ਪ੍ਰਭਾਵ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ ਪੰਜਾਬੀ ਵਿੱਚ ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ।

ਪੰਜਾਬੀ ਸਮਾਜ ਵਿੱਚ ਔਰਤਾਂ ਦੀ ਬਦਲ ਰਹੀ ਭੂਮਿਕਾ ਦਾ ਵਿਸ਼ਲੇਸ਼ਣ ਕਰੋ। ਸੁਝਾਅ ਦਿਉ ਕਿ ਪੰਜਾਬ ਸਰਕਾਰ, ਪੰਜਾਬੀ ਇਸਤਰੀਆਂ ਨੂੰ ਵਧੇਰੇ ਹੱਕ ਦੇਣ ਲਈ ਹੋਰ ਕਿਹੜੇ ਉਪਰਾਲੇ ਕਰ ਸਕਦੀ ਹੈ।

**[40 marks]**

**Turn over ▶**

Do not write outside the box

*Do not write outside the box*

40

**Turn over for Question 7**

Do not write outside the box

**0 7** **Social issues in the Punjab**

**ਸਮਾਜ ਤੇ ਅਪਰਾਧ ਦੇ ਪ੍ਰਭਾਵ**

ਹੁਣ ਚੋਰ ਅਪਰਾਧ ਕਰਨ ਦੇ ਰਵਾਇਤੀ ਤਰੀਕੇ ਡਕੈਤੀ ਆਦਿ ਤੋਂ ਕਿਨਾਰਾ ਕਰ ਗਏ ਹਨ ਤਾਂਹੀਓਂ ਹੁਣ ਕੁੱਲ ਮਿਲਾ ਕੇ ਕਾਰੋਬਾਰ ਨਾਲ ਸੰਬੰਧਿਤ ਸਾਰੇ ਅਪਰਾਧਾਂ ਦਾ ਘੱਟੋ-ਘੱਟ ਤੀਜਾ ਹਿੱਸਾ ਇੰਟਰਨੈੱਟ ਨਾਲ ਜੁੜਿਆ ਹੋਇਆ ਹੈ। ਹਾਲ ਹੀ ਵਿੱਚ, ਪੰਜਾਬ ਵਿੱਚ ਬੈਂਕਾਂ, ਬੀਮਾ ਅਤੇ ਊਰਜਾ ਕੰਪਨੀਆਂ ਇੰਟਰਨੈੱਟ ਅਪਰਾਧ ਦੀਆਂ ਸ਼ਿਕਾਰ ਹੋਈਆਂ ਹਨ। ਇਸ ਤਰ੍ਹਾਂ ਦਾ ਅਪਰਾਧ 'ਸਾਈਬਰ ਅਪਰਾਧ' ਕਹਾਉਂਦਾ ਹੈ ਜਿਸ ਵਿੱਚ ਅਪਰਾਧੀਆਂ ਦਾ ਪ੍ਰਮੁੱਖ ਉਦੇਸ਼ ਅਤਿਅੰਤ ਗੁਪਤ ਜਾਣਕਾਰੀ ਚੋਰੀ ਕਰਨਾ ਹੁੰਦਾ ਹੈ ਜਿਸ ਦੀ ਵਰਤੋਂ ਕਰਕੇ ਉਹ ਪੈਸੇ ਦੀ ਵੱਡੀ ਰਕਮ ਚੋਰੀ ਕਰ ਸਕਦੇ ਹਨ।

ਭਾਰਤ ਵਿੱਚ ਅਪਰਾਧ ਬਾਰੇ ਐਨ. ਸੀ. ਆਰ. ਬੀ. ਦੀ 2019 ਵਿੱਚ ਆਈ ਇੱਕ ਰਿਪੋਰਟ ਅਨੁਸਾਰ, ਪੰਜਾਬ ਵਿੱਚ ਅਪਰਾਧ ਦੀ ਦਰ ਦੂਜੇ ਰਾਜਾਂ ਦੇ ਮੁਕਾਬਲੇ ਘੱਟ ਹੈ ਪਰ ਪੰਜਾਬ ਨਸ਼ਿਆਂ ਦੇ ਮਾਮਲਿਆਂ ਵਿੱਚ ਦੇਸ਼ ਦੇ ਦੂਜੇ ਰਾਜਾਂ ਨਾਲੋਂ ਸਭ ਤੋਂ ਉੱਪਰ ਹੈ। ਇਹ ਰਿਪੋਰਟ ਦਰਸਾਉਂਦੀ ਹੈ ਕਿ ਪਿਛਲੇ ਤਿੰਨ ਸਾਲਾਂ ਤੋਂ ਔਰਤਾਂ ਵਿਰੁੱਧ ਅਪਰਾਧ ਦੇ ਮਾਮਲਿਆਂ ਵਿੱਚ ਵਾਧਾ ਹੋਇਆ ਹੈ। ਇਸ ਤਰ੍ਹਾਂ ਦੀਆਂ ਅਪਰਾਧਿਕ ਵਾਰਦਾਤਾਂ ਪੰਜਾਬ ਨੂੰ ਸਮਾਜਿਕ ਹੀ ਨਹੀਂ ਬਲਕਿ ਆਰਥਿਕ ਪੱਖੋਂ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ।

ਹਰ ਸਾਲ ਦੁਕਾਨਾਂ ਵਿੱਚ ਚੋਰੀ-ਚਕਾਰੀ ਅਤੇ ਧੋਖੇਬਾਜ਼ੀ ਵਰਗੀਆਂ ਵਾਰਦਾਤਾਂ ਨਾਲ ਪੰਜਾਬ ਵਿੱਚ ਕਾਰੋਬਾਰਾਂ ਨੂੰ ਕਰੋੜਾਂ ਰੁਪਇਆਂ ਦਾ ਨੁਕਸਾਨ ਹੁੰਦਾ ਹੈ। ਕਿਸੇ ਇਲਾਕੇ ਵਿੱਚ ਅਪਰਾਧ ਦੀਆਂ ਘਟਨਾਵਾਂ ਵਧ ਜਾਣ ਨਾਲ ਲੋਕ ਘਰੋਂ ਬਾਹਰ ਜਾਣ ਤੋਂ ਡਰਦੇ ਹਨ ਅਤੇ ਉਸ ਇਲਾਕੇ ਦੇ ਘਰਾਂ ਨੂੰ ਕੋਈ ਕੌਡੀਆਂ ਦੇ ਭਾਅ ਵੀ ਨਹੀਂ ਪੁੱਛਦਾ।

ਹਰ ਸਾਲ ਅਪਰਾਧ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਅਰਬਾਂ ਰੁਪਇਆ ਖਰਚ ਕਰਦੀ ਹੈ, ਇਸ ਕੰਮ ਲਈ ਪੈਸਾ ਜੁਟਾਉਣ ਲਈ ਸਰਕਾਰ ਨੂੰ ਜਾਂ ਤਾਂ ਕਰ ਵਧਾਉਣਾ ਪੈਂਦਾ ਹੈ ਜਾਂ ਅਗਾਊਂ ਇਕੱਤਰ ਕੀਤੇ ਹੋਏ ਕਰ ਮਾਲੀਏ ਵਿੱਚੋਂ ਖਰਚ ਕਰਨਾ ਪੈਂਦਾ ਹੈ। ਜੇ ਸਮਾਜ ਵਿੱਚ ਅਪਰਾਧ ਦੀਆਂ ਵਾਰਦਾਤਾਂ ਵਧਦੀਆਂ ਹਨ ਤਾਂ ਸਰਕਾਰ ਕੋਲ ਸਿੱਖਿਆ ਅਤੇ ਸਿਹਤ ਸੇਵਾਵਾਂ ਵਰਗੀਆਂ ਜ਼ਰੂਰੀ ਸੇਵਾਵਾਂ ਲਈ ਘੱਟ ਪੈਸੇ ਬਚਦੇ ਹਨ। ਜੇ ਕਾਰੋਬਾਰਾਂ ਨੂੰ ਅਪਰਾਧਿਕ ਵਾਰਦਾਤਾਂ ਕਰਕੇ ਘਾਟਾ ਪੈਂਦਾ ਹੈ ਤਾਂ ਉਹ ਇਸ ਲਾਗਤ ਨੂੰ ਚੀਜ਼ਾਂ ਦੀਆਂ ਕੀਮਤਾਂ ਵਿੱਚ ਸ਼ਾਮਲ ਕਰ ਦਿੰਦੇ ਹਨ ਨਤੀਜੇ ਵਜੋਂ, ਚੀਜ਼ਾਂ ਦੀਆਂ ਕੀਮਤਾਂ ਅਸਮਾਨ ਛੂਹਣ ਲਗਦੀਆਂ ਹਨ।

Do not write outside the box

**0 7** ਪੰਜਾਬੀ ਵੈੱਬਸਾਈਟ ਤੋਂ ਸਮਾਜ ਤੇ ਅਪਰਾਧ ਦੇ ਪ੍ਰਭਾਵ ਬਾਰੇ ਵਾਰਤਾ ਪੜ੍ਹੋ । ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ ਪੰਜਾਬੀ ਵਿੱਚ ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ ।

ਪੰਜਾਬ ਵਿੱਚ ਅਪਰਾਧ ਕਰਨ ਦੇ ਢੰਗਾਂ ਵਿੱਚ ਕਿਹੋ ਜਿਹੀਆਂ ਤਬਦੀਲੀਆਂ ਆਈਆਂ ਹਨ ? ਪੰਜਾਬ ਤੇ ਅਪਰਾਧ ਦੇ ਸਮਾਜਿਕ ਅਤੇ ਆਰਥਿਕ ਪ੍ਰਭਾਵ ਦਾ ਵਿਸ਼ਲੇਸ਼ਣ ਕਰੋ ।

**[40 marks]**

Do not write outside the box

Do not write outside the box

40

**Turn over for Question 8**

Do not write outside the box

**0 8** **Tourism in the Punjab**

**ਪ੍ਰਸਿੱਧ ਵਿਰਾਸਤੀ ਸੈਰ-ਸਪਾਟੇ ਵਾਲੀਆਂ ਥਾਂਵਾਂ**

ਵਿਰਾਸਤ-ਏ-ਖ਼ਾਲਸਾ ਸਿੱਖ ਧਰਮ ਦਾ ਅਜਾਇਬ ਘਰ ਅਨੰਦਪੁਰ ਸਾਹਿਬ ਵਿਖੇ ਸਥਿਤ ਹੈ ਜਿਸ ਦੇ ਬਣਨ ਨਾਲ ਸ਼ਹਿਰ ਦੀ ਕਾਇਆ ਕਲਪ ਹੋ ਗਈ ਹੈ। ਪੰਜਾਬ ਵਿੱਚ ਸੈਰ-ਸਪਾਟੇ ਨੂੰ ਪੁਨਰ ਸੁਰਜੀਤ ਕਰਨ ਲਈ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ ਪੱਚੀ ਸੌ ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ ਜੋ ਕਿ ਪੰਜਾਬ ਵਰਗੇ ਛੋਟੇ ਜਿਹੇ ਰਾਜ ਲਈ ਇੱਕ ਬਹੁਤ ਵੱਡੀ ਰਾਸ਼ੀ ਹੈ।

ਪਿਛਲੇ ਕੁਝ ਸਾਲਾਂ ਵਿੱਚ ਆਜ਼ਾਦੀ ਦੇ ਘੁਲਾਟੀਆਂ ਲਈ ਜਲੰਧਰ ਦੇ ਨੇੜੇ ਕਰਤਾਰਪੁਰ ਵਿੱਚ ਇੱਕ ਸਮਾਰਕ ਦਾ ਨਿਰਮਾਣ ਕੀਤਾ ਗਿਆ ਹੈ ਜਿਸ ਨੂੰ ਜੰਗ-ਏ-ਆਜ਼ਾਦੀ ਦੇ ਸ਼ਹੀਦਾਂ ਦੀ ਯਾਦਗਾਰ ਵੀ ਕਿਹਾ ਜਾਂਦਾ ਹੈ। ਇਹ ਇੱਕ ਬਹੁਤ ਹੀ ਸ਼ਾਨਦਾਰ ਯਾਦਗਾਰ ਹੈ ਜਿਸ ਦਾ ਉਦਘਾਟਨ 2021 ਵਿੱਚ ਕੀਤਾ ਗਿਆ ਸੀ।

ਸਰਕਾਰ ਨੇ ਅੰਮ੍ਰਿਤਸਰ ਵਿੱਚ ਰਾਮ ਤੀਰਥ ਮੰਦਰ ਦੀ ਬਹਾਲੀ ਲਈ ਭਾਰੀ ਨਿਵੇਸ਼ ਕੀਤਾ ਹੈ। ਇੱਕ ਲੋਕ-ਕਥਾ ਅਨੁਸਾਰ ਇਹ ਭਗਵਾਨ ਸ਼੍ਰੀ ਰਾਮ ਦੇ ਪੁੱਤਰਾਂ ਲਵ ਅਤੇ ਕੁਸ਼ ਦੀ ਜਨਮ-ਭੂਮੀ ਹੈ ਜਿੱਥੇ ਉਨ੍ਹਾਂ ਨੇ ਇੱਕ ਲੜਾਈ ਵਿੱਚ ਭਗਵਾਨ ਸ਼੍ਰੀ ਰਾਮ ਦਾ ਸਾਹਮਣਾ ਕੀਤਾ ਸੀ। ਪੰਜਾਬ ਵਿੱਚ ਮੁਗਲ ਸਾਮਰਾਜ ਨਾਲ ਸੰਬੰਧਿਤ ਬਹੁਤ ਸਾਰੀਆਂ ਯਾਦਗਾਰਾਂ ਹਨ ਜਿਨ੍ਹਾਂ ਦੀ ਸਾਂਭ-ਸੰਭਾਲ ਲਈ ਸਰਕਾਰ ਹਰ ਸੰਭਵ ਉਪਰਾਲਾ ਕਰ ਰਹੀ ਹੈ।

ਨਿਰਸੰਦੇਹ ਪੰਜਾਬ ਸਿੱਖ ਧਰਮ ਨਾਲ ਜੁੜਿਆ ਹੋਇਆ ਹੈ ਪਰ ਇਸ ਦੀ ਧਾਰਮਿਕ ਵਿਰਾਸਤ ਇਸ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਲਈ ਵੀ ਓਨਾ ਹੀ ਮਹੱਤਵਪੂਰਨ ਬਣਾਉਂਦੀ ਹੈ, ਜਿਵੇਂ ਕਿ ਰੋਜ਼ਾ ਸ਼ਰੀਫ਼ ਅਤੇ ਆਮ ਖਾਸ ਬਾਗ ਆਦਿ। ਪੰਜਾਬ ਸਰਕਾਰ ਇਨ੍ਹਾਂ ਦੇਖਣ ਵਾਲੀਆਂ ਥਾਂਵਾਂ ਨੂੰ ਸੈਲਾਨੀਆਂ ਦੇ ਸਰਕਟ ਦਾ ਹਿੱਸਾ ਬਣਾਉਣਾ ਚਾਹੁੰਦੀ ਹੈ। ਪੁਰਾਣੇ ਜੀ. ਟੀ. ਰੋਡ ਦੇ ਨਾਲ-ਨਾਲ ਮੁਗਲ ਸਰਾਏ, ਜਿਵੇਂ ਕਿ ਦੋਰਾਹਾ ਅਤੇ ਸ਼ੰਭੂ ਹਨ ਜਿੱਥੇ ਮੁਗਲ ਫ਼ੌਜਾਂ ਰਸਤੇ ਵਿੱਚ ਪੜਾਅ ਕਰਦੀਆਂ ਸਨ। ਇਨ੍ਹਾਂ ਸਾਰੀਆਂ ਸਰਾਂਵਾਂ ਨੂੰ ਸੈਰ-ਸਪਾਟੇ ਦੇ ਖਿੱਚ ਦੇ ਕੇਂਦਰ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ।


G/Jun23/7682/1

Do not write outside the box

**0 8** ਪੰਜਾਬੀ ਰਸਾਲੇ ਵਿੱਚੋਂ ਲਈ ਗਈ ਪ੍ਰਸਿੱਧ ਵਿਰਾਸਤੀ ਸੈਰ-ਸਪਾਟੇ ਵਾਲੀਆਂ ਥਾਂਵਾਂ ਬਾਰੇ ਵਾਰਤਾ ਪੜ੍ਹੋ । ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ ਪੰਜਾਬੀ ਵਿੱਚ ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ ।

ਪੰਜਾਬ ਦੀਆਂ ਘੱਟੋ-ਘੱਟ **ਦੋ** ਪ੍ਰਮੁੱਖ ਵਿਰਾਸਤੀ ਸੈਰ-ਸਪਾਟੇ ਵਾਲੀਆਂ ਥਾਂਵਾਂ ਦਾ ਵਰਣਨ ਕਰੋ ।
ਪੰਜਾਬ ਸਰਕਾਰ ਵੱਲੋਂ ਵਿਰਾਸਤੀ ਸੈਰ-ਸਪਾਟੇ ਦੇ ਵਿਕਾਸ ਲਈ ਉਠਾਏ ਗਏ ਕਦਮਾਂ ਦਾ ਵਿਸ਼ਲੇਸ਼ਣ ਕਰੋ ।

**[40 marks]**

*Do not write outside the box*

Do not write outside the box

40

**Turn over for Question 9**

Do not write outside the box

**0 9** **Partition of the Punjab in 1947**

**ਪੰਜਾਬ ਦੀ ਵੰਡ ਨਾਲ ਸੰਬੰਧਿਤ ਘਟਨਾਵਾਂ**

ਸਰਹੱਦਾਂ ਦੇ ਐਲਾਨ ਹੁੰਦਿਆਂ ਸਾਰ ਹੀ ਲੱਖਾਂ ਲੋਕਾਂ ਨੇ ਆਪਣੇ ਨਵੇਂ ਦੇਸ਼ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਉਨ੍ਹਾਂ ਨੂੰ ਯਕੀਨ ਹੋ ਗਿਆ ਸੀ ਕਿ ਹੁਣ ਉਹ ਇਕੱਠੇ ਨਹੀਂ ਰਹਿ ਸਕਦੇ। ਲਗਭਗ ਨੱਬੇ ਲੱਖ ਹਿੰਦੂਆਂ ਅਤੇ ਸਿੱਖਾਂ ਨੇ ਪਾਕਿਸਤਾਨ ਛੱਡ ਦਿੱਤਾ ਅਤੇ ਸੱਠ ਲੱਖ ਮੁਸਲਮਾਨਾਂ ਨੇ ਭਾਰਤ ਛੱਡ ਦਿੱਤਾ। ਦਰਜਨਾਂ ਮੀਲ ਲੰਬੇ ਕਾਫ਼ਲਿਆਂ ਵਿੱਚ ਲੱਖਾਂ ਸ਼ਰਨਾਰਥੀ, ਭੁੱਖਣ-ਭਾਣੇ, ਥੱਕੇ-ਹਾਰੇ, ਦੁੱਖਾਂ ਦੇ ਮਾਰੇ ਪੈਦਲ ਹੀ ਸਰਹੱਦਾਂ ਪਾਰ ਕਰਨ ਲੱਗੇ।

ਸਿੱਖਾਂ ਨੇ ਹਿੰਦੂਆਂ ਨਾਲੋਂ ਵੀ ਵੱਧ ਜੋਸ਼ ਨਾਲ ਭਾਰਤ ਦੀ ਵੰਡ ਦਾ ਵਿਰੋਧ ਕੀਤਾ ਕਿਉਂਕਿ ਉਨ੍ਹਾਂ ਨੂੰ ਇੱਕ ਭਾਈਚਾਰੇ ਦੇ ਤੌਰ ਤੇ ਪਾਕਿਸਤਾਨ ਵਿੱਚ ਵੱਡੀ ਤਬਾਹੀ ਹੋਣ ਦੀ ਉਮੀਦ ਸੀ। ਮਾਰਚ, 1947 ਦੇ ਦੰਗਿਆਂ ਵਿੱਚ ਰਾਵਲਪਿੰਡੀ ਦੇ ਸਿੱਖਾਂ ਨੂੰ ਕਤਲੇਆਮ ਦਾ ਸਾਹਮਣਾ ਕਰਨਾ ਪਿਆ ਅਤੇ ਸਿੱਖਾਂ ਦੀ ਇੱਕ ਵੱਡੀ ਗਿਣਤੀ ਜ਼ਿਲ੍ਹਾ ਛੱਡ ਕੇ ਚਲੀ ਗਈ। ਬਾਕੀ ਬਚੀ ਸਾਰੀ ਅਬਾਦੀ ਕੁਝ ਹੀ ਹਫ਼ਤਿਆਂ ਵਿੱਚ ਜ਼ਿਲ੍ਹੇ ਤੋਂ ਪਰਵਾਸ ਕਰ ਗਈ।

ਪਾਕਿਸਤਾਨੀ ਪੰਜਾਬ ਵਿੱਚ ਦੰਗੇ ਦਸੰਬਰ, 1946 ਦੇ ਪਹਿਲੇ ਹਫ਼ਤੇ, ਹਿੰਦੂਆਂ ਦੁਆਰਾ ਮੁਸਲਮਾਨਾਂ ਦਾ ਬਿਹਾਰ ਵਿੱਚ ਕਤਲੇਆਮ ਕਰਨ ਕਰਕੇ ਹਜ਼ਾਰਾ ਜ਼ਿਲ੍ਹੇ ਤੋਂ ਸ਼ੁਰੂ ਹੋਏ ਸਨ। ਹਿੰਦੂਆਂ ਅਤੇ ਸਿੱਖਾਂ ਦੇ ਵਿਰੁੱਧ ਪਵਿੱਤਰ ਯੁੱਧ ਦਾ ਐਲਾਨ ਕਰ ਦਿੱਤਾ ਗਿਆ। ਭੂਤਰੀ ਹੋਈ ਭੀੜ ਨੇ ਸਿੱਖ ਬਸਤੀਆਂ ਦਾ ਸਫ਼ਾਇਆ ਕਰ ਦਿੱਤਾ ਅਤੇ ਧਾਰਮਿਕ ਸਥਾਨਾਂ ਦੀ ਬੇਅਦਬੀ ਕੀਤੀ। ਚਾਰ ਮਾਰਚ 1947 ਨੂੰ ਲਾਹੌਰ ਵਿੱਚ ਦੰਗੇ ਛੁਰੇਬਾਜ਼ੀ ਅਤੇ ਛੋਟੀਆਂ ਮੋਟੀਆਂ ਘਟਨਾਵਾਂ ਨਾਲ ਸ਼ੁਰੂ ਹੋਏ ਅਤੇ ਵੱਡੇ ਪੈਮਾਨੇ ਤੇ ਸਿੱਖਾਂ ਅਤੇ ਹਿੰਦੂਆਂ ਦੇ ਘਰਾਂ ਨੂੰ ਅੱਗ ਲਾਉਣ, ਲੁੱਟ-ਮਾਰ ਕਰਨ ਅਤੇ ਉਨ੍ਹਾਂ ਦੀਆਂ ਨਸਲਾਂ ਨੂੰ ਖਤਮ ਕਰਨ ਦੀਆਂ ਵਾਰਦਾਤਾਂ ਦਾ ਰੂਪ ਧਾਰਨ ਕਰ ਗਏ।

ਅੰਮ੍ਰਿਤਸਰ ਵਿੱਚ ਮੁਸਲਮਾਨਾਂ ਦੇ ਦੰਗਿਆਂ ਤੋਂ ਤੁਰੰਤ ਬਾਅਦ ਇੱਕ ਭੂਤਰੀ ਹੋਈ ਭੀੜ ਨੇ ਸ਼੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਜਥੇਦਾਰ ਊਧਮ ਸਿੰਘ ਦੀ ਅਗਵਾਈ ਵਿੱਚ ਮੁੱਠੀ-ਭਰ ਸਿੱਖਾਂ ਨੇ ਉਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ। ਉਸੇ ਹੀ ਦਿਨ ਅੰਮ੍ਰਿਤਸਰ ਵਿੱਚ ਮੁਸਲਮਾਨਾਂ ਨੇ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਨਾਲ ਭਰੀ ਰੇਲ ਗੱਡੀ ਨੂੰ ਰੋਕ ਕੇ ਉਨ੍ਹਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ।

ਇਹ ਜਾਣਨ ਲਈ ਕਿ 1947 ਦੀ ਵੰਡ ਨਾਲ ਜੁੜੀਆਂ ਦੁਖਦਾਈ ਘਟਨਾਵਾਂ ਲਈ ਕੌਣ ਜ਼ਿੰਮੇਵਾਰ ਸੀ, ਵੰਡ ਤੋਂ ਪਹਿਲਾਂ ਹੋਈਆਂ ਘਟਨਾਵਾਂ ਦਾ ਮੁਲਾਂਕਣ ਕਰਨਾ ਅਤਿ-ਜ਼ਰੂਰੀ ਹੈ।

Do not write outside the box

**0 9** ਪੰਜਾਬੀ ਦੀ ਇੱਕ ਔਨਲਾਈਨ ਅਖਬਾਰ ਵਿੱਚੋਂ ਪੰਜਾਬ ਦੀ ਵੰਡ ਨਾਲ ਸੰਬੰਧਿਤ ਘਟਨਾਵਾਂ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ ਪੰਜਾਬੀ ਵਿੱਚ ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ।

ਪੰਜਾਬ ਦੇ ਲੋਕਾਂ ਨੂੰ 1947 ਦੀ ਵੰਡ ਦੇ ਜਿਹੜੇ ਦੁਖਦਾਈ ਨਤੀਜੇ ਭੁਗਤਣੇ ਪਏ, ਉਨ੍ਹਾਂ ਦਾ ਵਰਣਨ ਕਰੋ। ਵਿਸ਼ਲੇਸ਼ਣ ਕਰੋ ਕਿ ਵੰਡ ਤੋਂ ਪਹਿਲਾਂ ਜੋ ਕੁਝ ਹੋਇਆ ਉਸ ਨੇ ਦੁਖਦਾਇਕ ਘਟਨਾਵਾਂ ਵਿੱਚ ਕਿਵੇਂ ਯੋਗਦਾਨ ਪਾਇਆ।

**[40 marks]**

**Turn over ▶**

*Do not write outside the box*

*Do not write outside the box*

40

**END OF QUESTIONS**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

*Do not write outside the box*

| Question number | Additional page, if required. Write the question numbers in the left-hand margin. |
| --- | --- |
| | |

*Do not write outside the box*

| Question number | **Additional page, if required. Write the question numbers in the left-hand margin.** |
|---|---|
| | |

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2023 AQA and its licensors. All rights reserved.